**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ-ਫਾਜ਼ਿਲਕਾ**

## ਜ਼ਿਲ੍ਹੇ ਵਿਚ ਜਾਇਦਾਦਾਂ ਦੀ ਆਨਲਾਈਨ-ਰਜਿਸਟਰੀ ਸ਼ੁਰੂ

## -ਜਮੀਨ ਜਾਇਦਾਦ ਦੀ ਖਰੀਦ ਵੇਚ ਦੀ ਪ੍ਰਕ੍ਰਿਆ ਹੋਵੇਗੀ ਸਰਲ

**ਫਾਜ਼ਿਲਕਾ 30 ਅਪ੍ਰੈਲ**

ਜ਼ਿਲ੍ਹਾ ਫਾਜ਼ਿਲਕਾ ਵਿਚ ਜਮੀਨ-ਜਾਇਦਾਦ ਦੀ ਈ ਰਜਿਸਟਰੀ ਹੋਣ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਤਹਿਸੀਲਾਂ ਅਤੇ ਉਪ ਤਹਿਸੀਲਾਂ ਵਿਚ ਜਮੀਨ ਦੀ ਖਰੀਦ ਵੇਚ ਸਮੇਂ ਹੋਣ ਵਾਲੀ ਰਜਿਸਟਰੀ ਹੁਣ ਆਨਲਾਈਨ ਹੋਣ ਲੱਗੀ ਹੈ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਲਾਗੂ ਹੋਣ ਨਾਲ ਜ਼ਮੀਨ ਦੀ ਖਰੀਦ ਫਰੋਖਤ ਦੀ ਪ੍ਰਕ੍ਰਿਆ ਸਰਲ ਹੋਵੇਗੀ ਅਤੇ ਇਸ ਪ੍ਰਕ੍ਰਿਆ ਵਿਚ ਪਾਰਦਰਸ਼ਤਾ ਵਧੇਗੀ। ਉਨ੍ਹਾਂ ਕਿਹਾ ਕਿ ਜਮੀਨਾਂ ਦੀ ਖਰੀਦ ਫਰੋਖਤ ਸਮੇਂ ਹੋਣ ਵਾਲੇ ਫਰਾਡ ਵੀ ਇਸ ਨਾਲ ਬੰਦ ਹੋ ਜਾਣਗੇ।

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਬਲਬੀਰ ਰਾਜ ਸਿੰਘ ਨੇ ਆਪਣੀ ਹਾਜਰੀ ਵਿਚ ਇਸ ਪ੍ਰਕ੍ਰਿਆ ਦੀ ਸ਼ੁਰੂਆਤ ਕਰਵਾਈ ਅਤੇ ਤਹਿਸੀਲਦਾਰ ਸ: ਦਰਸ਼ਨ ਸਿੰਘ ਨੇ ਨਵੀਂ ਵਿਧੀ ਨਾਲ ਪਹਿਲੀ ਰਜਿਸਟਰੀ ਦਰਜ ਕੀਤੀ। ਇਸ ਮੌਕੇ ਜ਼ਿਲ੍ਹਾ ਮਾਲ ਅਫਸਰ ਮੈਡਮ ਪਰਮਜੀਤ ਕੌਰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨਾਲ ਮੌਜੂਦ ਸਨ। ਵਧੀਕ ਡਪਟੀ ਕਮਿਸ਼ਨਰ ਨੇ ਕਿਹਾ ਕਿ ਜਮੀਨ ਜਾਇਦਾਦ ਦੀ ਖਰੀਦ ਵੇਚ ਦੀ ਪ੍ਰਕ੍ਰਿਆ ਪੁਰੀ ਤਰਾਂ ਸਰਲ ਅਤੇ ਪਾਰਦਰਸ਼ੀ ਹੋਣ ਨਾਲ ਕ੍ਰੇਤਾ ਅਤੇ ਵਿਕ੍ਰੇਤਾ ਦੋਹਾਂ ਨੂੰ ਇਸ ਨਾਲ ਸਹੁਲਤ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਪ੍ਰਕ੍ਰਿਆ ਦੇ ਲਾਗੂ ਹੋਣ ਨਾਲ ਸੌਦੇ ਵਾਲੀ ਜਮੀਨ ਦੇ ਵੇਰਵੇ ਆਨਲਾਈਨ ਦਰਜ ਕਰਨ ਦੇ ਨਾਲ ਸਾਫਟਵੇਅਰ ਆਪਣੇ ਆਪ ਬਣਦੀ ਫੀਸ ਨਿਰਧਾਰਤ ਕਰੇਗਾ ਅਤੇ ਈ.ਸਟੈਂਪ ਨਾਲ ਇਹ ਫੀਸ ਅਦਾ ਕੀਤੀ ਜਾ ਸਕੇਗੀ। ਇਸ ਪ੍ਰਕ੍ਰਿਆ ਲਈ ਵਿਕ੍ਰੇਤਾ ਅਤੇ ਕ੍ਰੇਤਾ ਦੋਹਾਂ ਦਾ ਅਧਾਰ ਨੰਬਰ ਵੀ ਸੌਦੇ ਸਮੇਂ ਦਰਜ ਹੋਵੇਗਾ। ਇਸ ਨਾਲ ਕਿਸੇ ਵੀ ਕਿਸਮ ਦੀ ਗਲਤ ਰਜਿਸਟਰੀ ਹੋਣ ਦੀ ਸੰਭਾਵਨਾ ਉਕਾ ਹੀ ਖਤਮ ਹੋ ਜਾਵੇਗੀ। ਇਸੇ ਤਰਾਂ ਵੇਚਣ ਅਤੇ ਖਰੀਦਣ ਵਾਲੇ ਦਾ ਮੋਬਾਇਲ ਨੰਬਰ ਵੀ ਦਰਜ ਕੀਤਾ ਜਾਵੇਗਾ।

ਇਸ ਨਵੀਂ ਪ੍ਰਕ੍ਰਿਆ ਤਹਿਤ ਵਸੀਕਾ ਨਵੀਸ ਖਰੀਦਦਾਰ ਅਤੇ ਵੇਚਣ ਵਾਲੇ ਦੇ ਸਾਰੇ ਵੇਰਵੇ ਸਾਫਟਵੇਅਰ ਵਿਚ ਦਰਜ ਕਰ ਦੇਵੇਗਾ ਅਤੇ ਇਸ ਤੋਂ ਬਾਅਦ ਉਹ ਇਹ ਵੇਰਵੇ ਸਬੰਧਤ ਰਜਿਸਟਰਾਰ ਦੇ ਦਫ਼ਤਰ ਨੂੰ ਫਾਰਵਰਡ ਕਰ ਦੇਵੇਗਾ। ਇਸ ਮੌਕੇ ਸਾਫਟਵੇਅਰ ਰਜਿਸਟਰਾਰ ਕੋਲ ਉਪਲਬੱਧ ਸਮੇਂ ਦੀ ਜਾਣਕਾਰੀ ਮੁਹਈਆ ਕਰਵਾਏਗਾ ਅਤੇ ਉਪਲਬੱਧ ਸਲਾਟ ਵਿਚੋਂ ਖਰੀਦਦਾਰ ਅਤੇ ਵਿਕ੍ਰੇਤਾ ਆਪਣੀ ਸਹੁਲਤ ਅਨੁਸਾਰ ਸਮਾਂ ਚੁਣ ਸਕਣਗੇ ਅਤੇ ਫਿਰ ਦਿੱਤੇ ਗਏ ਸਮੇਂ ਤੇ ਉਹ ਸਬੰਧਤ ਤਹਿਸੀਲ ਦਫ਼ਤਰ ਵਿਚ ਜਾ ਕੇ ਆਪਣੀ ਜਮੀਨ ਜਾਇਦਾਦ ਦੀ ਰਜਿਸਟਰੀ ਕਰਵਾ ਸਕਣਗੇ।